# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 06-08-2024**

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਰਾਜ ਮੰਤਰੀ ਰਾਮਨਾਥ ਠਾਕੁਰ ਨੇ ਕਿਹਾ ਏ ਕਿ PM-ਕਿਸਾਨ ਯੋਜਨਾ ਤਹਿਤ ਹੁਣ ਤੱਕ 11 ਕਰੋੜ ਤੋਂ ਵੱਧ ਲਾਭਪਾਤਰੀ ਕਿਸਾਨਾਂ ਨੂੰ 3 ਲੱਖ ਇਸ਼ਾਰਿਆ 24 ਹਜਾਰ ਕਰੋੜ ਰੁਪਏ ਵੰਡੇ ਜਾ ਚੁੱਕੇ ਨੇ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਆਵਲ ਵਧਾਉਣ ਲਈ ਲੋਕਾਂ ਨੂੰ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਦਾ ਸੱਦਾ ਦਿੱਤਾ।
- ਅੰਮ੍ਰਿਤਸਰ ਜ਼ਿਲੇ ਵਿਚ ਅਟਾਰੀ ਵਿਖੇ ਦੇਸ਼ ਦੇ ਸਭ ਤੋਂ ਉੱਚੇ ਰਾਸ਼ਟਰੀ ਝੰਡੇ ਨੂੰ ਦਰਸਾਉਂਦਾ ਟੀਜ਼ਰ ਅਤੇ 78ਵੇਂ ਸੁਤੰਤਰਤਾ ਦਿਵਸ ਨੂੰ ਸਮਰਪਿਤ ਤਸਵੀਰ ਬਰੋਸ਼ਰ ਬੀ ਐਸ ਐਫ ਵਲੋਂ ਜਾਰੀ ਕੀਤਾ ਗਿਆ।

- ਪੈਰਿਸ ਓਲੰਪਿਕ ਦੇ ਅੱਜ 11 ਵੇਂ ਦਿਨ ਭਾਰਤ ਦੇ ਗੋਲਡਨ ਬਵਾਯ ਨੀਰਜ ਚੋਪੜਾ ਨੇ ਨੇਜ਼ੇਬਾਜ਼ੀ ਦੇ ਫਾਈਨਲ ਲਈ ਕੁਆਲੀਫਾਈ ਕੀਤਾ ਜਦਕਿ ਜਰਮਨੀ ਨਾਲ ਹਾਕੀ ਦਾ ਸੈਮੀਫਾਈਨਲ ਅੱਜ ਰਾਤ ਸਾਢੇ ਦੱਸ ਵਜੇ ਤੋਂ ਸ਼ੁਰੂ ਹੋਵੇਗਾ ।

---------------------------------------------------------

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਰਾਜ ਮੰਤਰੀ, ਰਾਮਨਾਥ ਠਾਕੁਰ ਨੇ ਕਿਹਾ ਏ, ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਪੀ.ਐੱਮ-ਕਿਸਾਨ ਯੋਜਨਾ ਤਹਿਤ ਹੁਣ ਤੱਕ 11 ਕਰੋੜ ਤੋਂ ਵੱਧ ਲਾਭਪਾਤਰੀ ਕਿਸਾਨਾਂ ਨੂੰ 3 ਲੱਖ 24 ਹਜ਼ਾਰ ਕਰੋੜ ਰੁਪਏ ਵੰਡੇ ਜਾ ਚੁੱਕੇ ਨੇ । ਅੱਜ ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ, ਉਨਾਂ ਕਿਹਾ ਕਿ ਹੁਣ ਤੱਕ ਲਾਭਪਾਤਰੀਆਂ ਨੂੰ ਸਿੱਧੇ ਲਾਭ ਟਰਾਂਸਫਰ ਰਾਹੀਂ 17 ਕਿਸ਼ਤਾਂ ਜਾਰੀ ਕੀਤੀਆਂ ਗਈਆਂ ਨੇ । PM- KISAN ਯੋਜਨਾ ਦੇ ਤਹਿਤ ਲਾਭਪਾਤਰੀਆਂ ਨੂੰ 6000 ਰੁਪਏ ਦਾ ਵਿੱਤੀ ਲਾਭ ਪ੍ਰਤੀ ਸਾਲ ਤਿੰਨ ਬਰਾਬਰ ਕਿਸ਼ਤਾਂ ਵਿੱਚ ਦਿੱਤਾ ਜਾਂਦਾ ਏ । ਏਧਰ ਖ਼ਜ਼ਾਨਾ ਰਾਜ ਮੰਤਰੀ ਪੰਕਜ ਚੌਧਰੀ ਨੇ ਕਿਹਾ ਕਿ ਸਾਈਬਰ ਕ੍ਰਾਈਮ 'ਤੇ ਨਕੇਲ

ਕੱਸਣ ਲਈ, ਦੇਸ਼ ਭਰ 'ਚ ਇਕ ਕਰੋੜ 92 ਲੱਖ ਸਿਮ ਕਾਰਡ ਬਲਾਕ ਕੀਤੇ ਗਏ ਨੇ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ, ਪੂਰਕ ਸਵਾਲਾਂ ਦਾ ਜਵਾਬ ਦਿੰਦੇ ਹੋਏ, ਉਨਾਂ ਕਿਹਾ ਕਿ ਸਰਕਾਰ ਦੀ ਸਾਈਬਰ ਧੋਖਾਧੜੀ ਵਿਰੁੱਧ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਏ।

---------------------------------------------------------------

ਦੇਸ਼ ਵਿੱਚ ਪਿਛਲੇ ਦਸ ਸਾਲਾਂ ਵਿੱਚ ਖੱਬੇ ਪੱਖੀ ਕੱਟੜਵਾਦ ਵਿੱਚ ਮਹੱਤਵਪੂਰਨ ਕਮੀ ਆਈ ਏ । ਮਈ 2004 ਤੋਂ ਅਪ੍ਰੈਲ 2014 ਦੇ ਮੁਕਾਬਲੇ ਮਈ 2014 ਤੋਂ ਅਪ੍ਰੈਲ 2024 ਦਰਮਿਆਨ ਖੱਬੇ ਪੱਖੀ ਅੱਤਵਾਦ ਨਾਲ ਜੁੜੇ ਮਾਮਲਿਆਂ ਦੀ ਗਿਣਤੀ ਵਿੱਚ, 53 ਫੀਸਦੀ ਦੀ ਕਮੀ ਆਈ ਏ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਪੂਰਕ ਸਵਾਲਾਂ ਦਾ ਜਵਾਬ ਦਿੰਦਿਆਂ, ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਹ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਖੱਬੇ ਪੱਖੀ ਅੱਤਵਾਦ ਨਾਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ ਹੁਣ ਘਟ ਕੇ, 38 ਰਹਿ ਗਈ ਏ ਜਿਹੜੀ 2013 ਵਿੱਚ 126 ਸੀ।

--------------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਲੋਕਾਂ ਨੂੰ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਦਾ ਸੱਦਾ ਦਿੱਤਾ ਏ, ਤਾਂ ਜੋ ਵਾਤਾਵਰਣ ਪ੍ਰਦੂਸ਼ਣ ਦੀ ਰੋਕਥਾਮ ਦੇ ਨਾਲ-ਨਾਲ ਸੂਬੇ ਵਿੱਚ ਹਰਿਆਵਲ ਹੇਠ ਰਕਬਾ ਵਧਾਇਆ ਜਾ ਸਕੇ। ਹੁਸ਼ਿਆਰਪੁਰ ਵਿਚ ਅੱਜ ਸੂਬਾ ਪੱਧਰੀ ਵਣ-ਮਹਾਂਉਤਸਵ ਸਮਾਗਮ ਨੂੰ ਸੰਬਧੋਨ ਕਰਦਿਆਂ, ਉਨਾਂ ਕਿਹਾ ਕਿ ਇਸ ਵਿਲੱਖਣ ਉਪਰਾਲੇ ਦਾ ਮੰਤਵ, ਸੂਬੇ ਭਰ ਵਿੱਚ ਹਰਿਆਲੀ ਨੂੰ ਹੋਰ ਵਧਾਉਣਾ ਏ ਤਾਂ ਜੋ ਵਾਤਾਵਰਣ ਨੂੰ ਬਚਾ ਕੇ ਇਸ ਦੀ ਪੁਰਾਤਨ ਸ਼ਾਨ ਬਹਾਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਾ ਕੇ ਸੂਬਾ ਸਰਕਾਰ ਦਾ ਸਾਥ ਦੇਣਾ ਚਾਹੀਦਾ ਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਕਾਰਬਨ ਕਰੈਡਿਟ ਸਕੀਮ' ਲਾਗੂ ਕਰਨ ਵਾਲਾ ਦੇਸ਼ ਵਿੱਚ ਪਹਿਲਾ ਸੂਬਾ ਪੰਜਾਬ ਏ ਤਾਂ ਜੋ ਵਾਤਾਵਰਣ ਬਚਾਉਣ ਦੇ ਨਾਲ-ਨਾਲ ਆਲਮੀ ਤਪਸ਼ ਤੇ ਕਾਬੂ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਊਰਜਾ ਤੇ ਖੋਜ ਸੰਸਥਾਨ ਟੇਰੀ ਦੀ ਮਦਦ ਨਾਲ ਲਾਗੂ ਕੀਤਾ ਗਿਆ ਏ ਅਤੇ ਪਾਇਲਟ

ਪ੍ਰਾਜੈਕਟ ਵਜੋਂ ਸੂਬੇ ਦੇ 3 ਹਜ਼ਾਰ 686 ਕਿਸਾਨਾਂ ਨੂੰ ਚਾਰ ਕਿਸ਼ਤਾਂ ਵਿੱਚ 45 ਕਰੋੜ ਰੁਪਏ ਵੰਡੇ ਜਾਣਗੇ। ਇਸ ਸਕੀਮ ਅਧੀਨ ਪਹਿਲੀ ਕਿਸ਼ਤ ਵਜੋਂ ਉਨਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ 818 ਕਿਸਾਨਾਂ ਨੂੰ ਇਕ ਕਰੋੜ 75 ਲੱਖ ਰੁਪਏ ਦੇ ਚੈੱਕ ਵੀ ਵੰਡੇ। ਉਨਾਂ ਦੱਸਿਆ ਕਿ ਇਹ ਫੰਡ ਵਾਤਾਵਰਣ ਪ੍ਰਦੂਸ਼ਣ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾ ਰਹੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੇ ਜਾਣਗੇ।

---------------------------------------------------------

ਏਧਰ ਚਹੁੰ ਮਾਰਗੀ ਹੋਣ ਜਾ ਰਹੇ ਸਰਹੰਦ ਤੋਂ ਪਟਿਆਲਾ ਰੋਡ ਤੇ ਦੋਨਾਂ ਸਾਈਡਾਂ ਤੇ ਲੱਗੇ ਹਜ਼ਾਰਾਂ ਦੀ ਗਿਣਤੀ ਵਿੱਚ ਦਰਖਤਾਂ ਦੀ ਕਟਾਈ ਨੂੰ ਲੈ ਕੇ ਅੱਜ ਵਾਤਾਵਰਨ ਪ੍ਰੇਮੀਆਂ, ਸਮਾਜ ਸੇਵੀ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਫਤਹਿਗੜ੍ਹ ਸਾਹਿਬ ਜ਼ਿਲੇ ਦੇ ਪਿੰਡ ਆਦਮਪੁਰ ਨੇੜੇ ਹੋਈ। ਬੁਲਾਰਿਆਂ ਨੇ ਦਰਖਤਾਂ ਦੀ ਕਟਾਈ ਤੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਇਨ੍ਹਾਂ ਦਰਖਤਾਂ ਨੂੰ ਨਾਲ ਦੀ ਥਾਂ ਜਾਂ ਸਾਈਟ ਤੇ ਕਿਤੇ ਵੀ ਜਮੀਨ ਐਕੁਆਇਰ ਕਰਕੇ ਲਗਾਇਆ ਜਾਵੇ ਤੇ ਇਹਨਾਂ ਦੀ ਸਾਂਭ ਸੰਭਾਲ ਕੀਤੀ ਜਾਵੇ ਕਿਉਂਕਿ ਅੱਜ ਵਾਤਾਵਰਨ

ਨੂੰ ਸੰਭਾਲਣ ਵਿੱਚ ਦਰਖਤਾਂ ਦੀ ਬਹੁਤ ਕਮੀ ਪੇਸ਼ ਆ ਰਹੀ ਏ। ਉਨਾਂ ਕਿਹਾ ਕਿ ਸਰਕਾਰ ਦੇ ਧਿਆਨ ਵਿੱਚ ਪਹਿਲਾਂ ਵੀ ਲਿਆਂਦਾ ਗਿਆ ਸੀ ਕਿ ਇਸ ਸੜਕ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਜਿਹੜੇ ਦਰਖਤ ਕੱਟੇ ਜਾ ਰਹੇ ਨੇ, ਇਨ੍ਹਾਂ ਵਿੱਚੋਂ ਜ਼ਿਆਦਾਤਰ ਕੋਈ 50 ਸਾਲ ਤੱਕ ਪੁਰਾਣੇ ਦਰਖਤ ਨੇ ਅਤੇ ਜਿਹੜੇ ਛੋਟੇ ਲਗਣਯੋਗ ਦਰਖਤ ਨੇ ਉਨਾਂ ਨੂੰ ਜਰੂਰ ਸੰਭਾਲਿਆ ਜਾਵੇ। ਉਨਾਂ ਕਿਹਾ ਕਿ ਇੱਕ ਪਾਸੇ ਸੂਬਾ ਸਰਕਾਰ ਵਾਤਾਵਰਨ ਸੰਭਾਲਣ ਲਈ ਵਣ ਮਹਾਂ ਉਤਸਵ ਮਨਾ ਕੇ ਦਰਖਤਾਂ ਨੂੰ ਸੰਭਾਲਣ ਦੀ ਗੱਲ ਕਰ ਰਹੀ ਏ ਤੇ ਦੂਜੇ ਪਾਸੇ 50- 50 ਸਾਲ ਪੁਰਾਣੇ ਦਰਖਤਾਂ ਨੂੰ ਕੱਟਿਆ ਜਾ ਰਿਹਾ ਏ ਅਤੇ ਇਨਾਂ ਨੂੰ ਸੰਭਾਲਣ ਤੱਕ ਦੀ ਕੋਸ਼ਿਸ਼ ਨਹੀਂ ਕੀਤੀ ਜਾ ਰਹੀ ਏ।

---------------------------------------------------------------

ਪੰਜਾਬ ਸਰਕਾਰ ਨੇ ਜਲੰਧਰ ਡਵੀਜ਼ਨ ਵਿੱਚ ਪੈਂਦੇ ਜ਼ਿਲ੍ਹਿਆਂ ਦੇ ਲੋਕਾਂ ਨੂੰ, ਹੋਰ ਵੀ ਸੁਚਾਰੂ ਢੰਗ ਨਾਲ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਤਹਿਤ, 2007 ਬੈਚ ਦੇ ਆਈ.ਏ.ਐਸ.ਅਧਿਕਾਰੀ ਪ੍ਰਦੀਪ ਕੁਮਾਰ ਨੂੰ ਜਲੰਧਰ ਡਵੀਜ਼ਨ ਦਾ ਕਮਿਸ਼ਨਰ ਨਿਯੁਕਤ ਕੀਤਾ ਏ। ਅੱਜ

ਉਨਾਂ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਤੇ ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ.ਅਮਿਤ ਮਹਾਜਨ ਨੇ ਪ੍ਰਦੀਪ ਕੁਮਾਰ ਦਾ ਸਵਾਗਤ ਕੀਤਾ ਅਤੇ ਪੰਜਾਬ ਪੁਲਿਸ ਦੀ ਟੁਕੜੀ ਨੇ ਉਨਾਂ ਨੂੰ ਸਲਾਮੀ ਦਿੱਤੀ। ਇਸ ਮੌਕੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ, ਕਮਿਸ਼ਨਰ ਜਲੰਧਰ ਡਵੀਜ਼ਨ ਪ੍ਰਦੀਪ ਕੁਮਾਰ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ, ਨਾਗਰਿਕ ਸੇਵਾਵਾਂ ਸਮੇਂ ਸਿਰ ਮੁਹੱਈਆ ਕਰਵਾਉਣ ਲਈ ਵਚਨਬੱਧ ਏ। ਉਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹੋਰ ਲਗਨ ਤੇ ਮਿਹਨਤ ਨਾਲ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਲੋਕਾਂ ਦੇ ਕੰਮ ਨੂੰ ਪਹਿਲ ਦੇ ਅਧਾਰ ’ਤੇ ਕੀਤਾ ਜਾਵੇ। ਜ਼ਿਕਰਯੋਗ ਏ ਕਿ ਇਸ ਤੋਂ ਪਹਿਲਾਂ ਪ੍ਰਦੀਪ ਕੁਮਾਰ ਟਰਾਂਸਪੋਰਟ ਤੇ ਆਜ਼ਾਦੀ ਘੁਲਾਟੀਏ ਵਿਭਾਗ ਦੇ ਸਕੱਤਰ, ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਤੇ ਲੁਧਿਆਣਾ ਦੇ ਨਗਰ ਨਿਗਮ ਕਮਿਸ਼ਨਰ ਵਜੋਂ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਅ ਚੁੱਕੇ ਨੇ।

---------------------------------------------------------

ਅੰਮ੍ਰਿਤਸਰ ਜ਼ਿਲੇ ਵਿਚ ਅਟਾਰੀ ਵਿਖੇ, ਦੇਸ਼ ਦੇ ਸਭ ਤੋਂ ਉੱਚੇ ਰਾਸ਼ਟਰੀ ਝੰਡੇ ਨੂੰ ਦਰਸਾਉਂਦਾ ਟੀਜ਼ਰ ਅਤੇ 78ਵੇਂ ਆਜ਼ਾਦੀ ਦਿਵਸ ਨੂੰ ਸਮਰਪਿਤ ਤਸਵੀਰ ਬਰੋਸ਼ਰ ਅੱਜ BSF ਦੇ ਡਿਪਟੀ ਕਮਾਂਡੈਂਟ ਦਵਿੰਦਰਪਾਲ ਸਿੰਘ ਅਤੇ ਅਧਿਕਾਰੀਆਂ ਤੇ ਜਵਾਨਾਂ ਵੱਲੋਂ ਅਟਾਰੀ ਸਰਹੱਦ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਜਾਰੀ ਕੀਤਾ ਗਿਆ। ਇਹ ਟੀਜ਼ਰ ਸੱਚੇ ਦੇਸ਼ਭਗਤੀ ਦੇ ਢਾਂਚੇ ਨੂੰ ਸੁੰਦਰਤਾ ਨਾਲ ਉਜਾਗਰ ਕਰਦਾ ਏ ਅਤੇ ਸਭ ਤੋਂ ਉੱਚੇ 418 ਫੁੱਟ ਫਲੈਗਪੋਲ ਦੇ ਨਾਲ ਭਾਰਤ ਦਾ ਤਿਰੰਗਾ ਝੰਡਾ ਚਾਰ ਫੁੱਟ ਦੀ ਚੌਂਕੀ 'ਤੇ ਖੜ੍ਹਾ ਏ ਤੇ ਇਸ ਨੂੰ ਅਟਾਰੀ ਸਰਹੱਦ 'ਤੇ ਇੱਕ ਪ੍ਰਮੁੱਖ ਅੱਖ ਖਿੱਚਣ ਵਾਲਾ ਸਮਾਰਕ ਬਣਾਉਂਦਾ ਏ। ਸਰਹੱਦ ਪਾਰ ਪਾਕਿਸਤਾਨ ਦੇ ਝੰਡੇ ਤੋਂ 18 ਫੁੱਟ ਉੱਚੇ ਇਸ ਕੋਈ 200 ਕਿਲੋ ਵਜਨੀ, 130 ਫੁੱਟ ਲੰਬੇ ਅਤੇ 80 ਫੁੱਟ ਚੌੜੇ ਰਾਸ਼ਟਰੀ ਝੰਡੇ ਨੂੰ, ਉੱਘੇ ਕੁਦਰਤ ਕਲਾਕਾਰ ਅਤੇ ਹੈਰੀਟੇਜ ਪ੍ਰਮੋਟਰ ਹਰਪ੍ਰੀਤ ਸੰਧੂ ਦੇ ਕੈਮਰੇ ਦੇ ਲੈਂਜ਼ ਰਾਹੀਂ ਕੈਦ ਕੀਤਾ ਗਿਆ ਏ। ਟੀਜ਼ਰ ਤੇ ਤਸਵੀਰ ਵਾਲਾ ਬਰੋਸ਼ਰ ਅੰਮ੍ਰਿਤਸਰ ਦੇ ਨਾਲ-ਨਾਲ ਸੂਬੇ ਦੇ

ਨਾਗਰਿਕਾਂ ਲਈ ਬਹੁਤ ਉਤਸ਼ਾਹ ਤੇ ਮਾਣ ਦਾ ਸਰੋਤ ਹੋਵੇਗਾ। ਡਿਪਟੀ ਕਮਾਂਡੈਂਟ ਦੇਵੇਂਦਰ ਪਾਲ ਸਿੰਘ ਨੇ ਰਾਸ਼ਟਰੀ ਝੰਡੇ ਦੇ ਮਹੱਤਵਪੂਰਨ ਸਮਾਰਕ ਨੂੰ ਉਤਸ਼ਾਹਿਤ ਕਰਨ ਲਈ ਕੁਦਰਤ ਕਲਾਕਾਰ ਹਰਪ੍ਰੀਤ ਸੰਧੂ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ।

--------------------------------------------------------

ਪੈਰਿਸ ਓਲੰਪਿਕ ਦੇ ਅੱਜ 11 ਵੇਂ ਦਿਨ ਭਾਰਤ ਲਈ ਚੰਗੀ ਖ਼ਬਰ ਆਈ ਜਦੋਂ ਗੋਲਡਨ ਬਵਾਯ ਨੀਰਜ ਚੋਪੜਾ ਨੇ ਜੈਵਲਿਨ ਥ੍ਰੋ ਈਵੈਂਟ ਦੇ ਫਾਈਨਲ ਲਈ ਕੁਆਲੀਫਾਈ ਕਰ ਲਿਆ। ਆਪਣੇ ਪਹਿਲੇ ਹੀ ਯਤਨ ਵਿਚ ਨੀਰਜ ਚੋਪੜਾ ਨੇ 89.34 ਮੀਟਰ ਦੂਰ ਥ੍ਰੋ ਕੀਤੀ। ਫਾਈਨਲ ਵਿਚ ਪੂਜਣ ਲਈ ਨੀਰਜ ਨੂੰ 84 ਮੀਟਰ ਤਕ ਥ੍ਰੋ ਕਰਨੀ ਸੀ ਪਰ ਉਸਨੇ ਪੰਜ ਮੀਟਰ ਤੋਂ ਵੀ ਵੱਧ ਤਕ ਥ੍ਰੋ ਕੀਤੀ ਏ। ਹੁਣ ਉਸਦਾ ਫਾਈਨਲ 8 ਅਗਸਤ ਨੂੰ ਹੋਵੇਗਾ। ਏਧਰ ਮਹਿਲਾ ਭਲਵਾਨ ਵਿਨੇਸ਼ ਫੋਗਾਟ ਵੀ 50 ਕਿਲੋ ਗ੍ਰਾਮ ਭਰ ਵਰਗ ਦੇ ਸੈਮੀਫਾਈਨਲ ਵਿਚ ਪੁੱਜ ਗਈ ਏ। ਕੁਆਰਟਰ ਫਾਈਨਲ ਵਿਚ ਉਸਨੇ ਯੂਕਰੇਨ ਦੀ ਭਲਵਾਨ ਨੂੰ ਹਰਾਇਆ। ਇਸ ਵਰਗ ਵਿਚ ਉਸ ਦਾ ਸੈਮੀਫਾਈਨਲ ਅੱਜ ਰਾਤ ਸਵਾ

ਦਸ ਵਜੇ ਹੋਵੇਗਾ। ਇਸ ਦੌਰਾਨ ਹਾਕੀ ਟੀਮ ਆਪਣਾ ਸੈਮੀਫਾਈਨਲ ਮੈਚ ਅੱਜ ਰਾਤ ਸਾਢੇ 10 ਵਜੇ ਤੋਂ ਜਰਮਨੀ ਨਾਲ ਖੇਡੇਗੀ। ਦੇਸ਼ਭਰ ਵਿਚ ਇਸ ਮੈਚ ਨੂੰ ਲੈ ਕੇ ਲੋਕ ਉਤਸ਼ਾਹਤ ਨੇ ਅਤੇ ਭਾਰਤ ਦੀ ਜਿੱਤ ਲਈ ਦੁਆ ਕਰ ਰਹੇ ਨੇ।

*ਇਕ ਰਿਪੋਰਟ : ਡਿਸਪੈਚ: ਕੁਆਰਟਰ ਫਾਈਨਲ ਵਿਚ ਗ੍ਰੇਟ ਬ੍ਰਿਟੇਨ ਨੂੰ ਪੈਨਲਟੀ ਸ਼ੂਟ ਆਊਟ ਰਾਹੀਂ 4 - 2 ਨਾਲ ਹਰਾਉਣ ਮਗਰੋਂ ਭਾਰਤੀ ਹਾਕੀ ਟੀਮ ਦੇ ਹੌਸਲੇ ਪੂਰੀ ਤਰ੍ਹਾਂ ਨਾਲ ਬੁਲੰਦ ਨੇ। ਜਰਮਨੀ ਖਿਲਾਫ ਹੋਣ ਵਾਲੇ ਸੈਮੀਫਾਈਨਲ ਮੈਚ ਵਿਚ ਵੀ ਟੀਮ ਆਪਣੀ ਮੌਜੂਦਾ ਰਣਨੀਤੀ ਮੁਤਾਬਕ ਤੇਜ ਤਰਾਰ ਹਾਕੀ ਦਾ ਖੇਡ ਜਾਰੀ ਰੱਖੇਗੀ। ਹਾਲਾਂਕਿ ਟੀਮ ਦੇ ਸਟਾਰ ਡਿਫੈਂਡਰ ਅਮਿਤ ਰੋਹੀਦਾਸ ਨੂੰ ਕੁਆਰਟਰ ਫਾਈਨਲ ਵਿਚ ਮਿਲੇ ਰੇਡ ਕਾਰਡ ਕਰਕੇ ਜਰਮਨੀ ਖਿਲਾਫ ਇਸ ਸੈਮੀਫਾਈਨਲ ਮੈਚ ਦਾ ਹਿੱਸਾ ਨਹੀਂ ਹੋਣਗੇ। ਓਲੰਪਿਕ ਵਿਚ ਭਾਰਤੀ ਹਾਕੀ ਟੀਮ ਦੇ ਹਾਲੇ ਤਕ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਅਗੇ ਵੀ ਜਾਰੀ ਰਹਿਣ ਦੀ ਆਸ ਹਾਕੀ ਪ੍ਰੇਮੀ ਲਗਾਏ ਹੋਏ ਨੇ। Byte ਆਪਣੀ ਹਾਕੀ ਦੇ ਜਾਦੂ ਨਾਲ ਸਾਰਿਆਂ*

*ਨੂੰ ਹੈਰਾਨ ਕਰ ਰਹੀ ਭਾਰਤੀ ਟੀਮ ਸੈਮੀਫਾਈਨਲ ਵਿਚ ਵੀ ਆਪਣੇ ਜਾਦੂ ਦਾ ਕਰਿਸ਼ਮਾ ਜਰੂਰ ਵਿਖਾਏਗੀ ਅਤੇ ਹੁਣ ਸਮੁਚਾ ਦੇਸ਼ ਰਾਤ ਸਾਢੇ ਦਸ ਵਜੇ ਦਾ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---------------------------------------------------

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਰਾਜ ਮੰਤਰੀ ਰਾਮਨਾਥ ਠਾਕੁਰ ਨੇ ਕਿਹਾ ਏ ਕਿ PM-ਕਿਸਾਨ ਯੋਜਨਾ ਤਹਿਤ ਹੁਣ ਤੱਕ 11 ਕਰੋੜ ਤੋਂ ਵੱਧ ਲਾਭਪਾਤਰੀ ਕਿਸਾਨਾਂ ਨੂੰ 3 ਲੱਖ ਇਸ਼ਾਰਿਆ 24 ਹਜਾਰ ਕਰੋੜ ਰੁਪਏ ਵੰਡੇ ਜਾ ਚੁੱਕੇ ਨੇ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਆਵਲ ਵਧਾਉਣ ਲਈ ਲੋਕਾਂ ਨੂੰ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਦਾ ਸੱਦਾ ਦਿੱਤਾ।
- ਅੰਮ੍ਰਿਤਸਰ ਜ਼ਿਲੇ ਵਿਚ ਅਟਾਰੀ ਵਿਖੇ ਦੇਸ਼ ਦੇ ਸਭ ਤੋਂ ਉੱਚੇ ਰਾਸ਼ਟਰੀ ਝੰਡੇ ਨੂੰ ਦਰਸਾਉਂਦਾ ਟੀਜ਼ਰ ਅਤੇ 78ਵੇਂ ਸੁਤੰਤਰਤਾ

ਦਿਵਸ ਨੂੰ ਸਮਰਪਿਤ ਤਸਵੀਰ ਬਰੋਸ਼ਰ ਬੀ ਐਸ ਐਫ ਵਲੋਂ ਜਾਰੀ ਕੀਤਾ ਗਿਆ।

- ਪੈਰਿਸ ਓਲੰਪਿਕ ਦੇ ਅੱਜ 11 ਵੇਂ ਦਿਨ ਭਾਰਤ ਦੇ ਗੋਲਡਨ ਬਵਾਯ ਨੀਰਜ ਚੋਪੜਾ ਨੇ ਨੇਜ਼ੇਬਾਜ਼ੀ ਦੇ ਫਾਈਨਲ ਲਈ ਕੁਆਲੀਫਾਈ ਕੀਤਾ ਜਦਕਿ ਜਰਮਨੀ ਨਾਲ ਹਾਕੀ ਦਾ ਸੈਮੀਫਾਈਨਲ ਅੱਜ ਰਾਤ ਸਾਢੇ ਦੱਸ ਵਜੇ ਤੋਂ ਸ਼ੁਰੂ ਹੋਵੇਗਾ।